12 Dec_5-6-7-Page_Jalandharr.qxd 12/13/2021 1:42 AM Page 1

ਕਿਸਾਨਾਂ ਦੇ ਸਵਾਗਤ ਲਈ ਪਰਾਗਪੁਰ ਵਿਖੇ ਬਾਬਾ ਸੁਖਦੇਵ ਸਿੰਘ ਦੀ ਅਗਵਾਈ ਹੇਠ ਇਕੱਤਰ ਹੋਈ ਸੰਗਤ 'ਚ ਸ਼ਾਮਿਲ ਜਥੇਦਾਰ ਪਰਮਜੀਤ ਸਿੰਘ ਰਾਏਪੁਰ, ਬਲਬੀਰ ਸਿੰਘ ਬਿੱਟੂ, ਜਸਬੀਰ ਸਿੰਘ ਕੋਟ, ਸਰਜੀਵਨ ਸਿੰਘ ਬੰਬੀਆਂਵਾਲ, ਅਮਰਜੀਤ ਸਿੰਘ ਸ਼ੇਰਗਿੱਲ, ਐਡਵੋਕੇਟ ਗੁਰਜੀਤ ਸਿੰਘ ਕਾਹਲੋਂ ਤੇ ਹੋਰ। *ਤਸਵੀਰ ਜੀ. ਪੀ. ਸਿੰਘ*

ਕਿਸਾਨ ਕਾਫਲਿਆਂ ਦੇ ਸਵਾਗਤ ਲਈ ਤਿਆਰ ਖੜ੍ਹੇ ਕਿਸਾਨ ਆਗੂ ਕੁਲਵਿੰਦਰ ਸਿੰਘ ਮਛਿਆਣਾ, ਡਾ. ਬਲਵੰਤ ਸਿੰਘ ਟਿਵਾਣਾ, ਜੰਗ ਬਹਾਦਰ ਸਿੰਘ ਭਾਖੜੀਆਣਾ ਤੇ ਹੋਰ। *ਤਸਵੀਰ ਜੀ. ਪੀ. ਸਿੰਘ*

ਦਿੱਲੀ ਅੰਦੋਲਨ ਜਿੱਤ ਕੇ ਪਰਤੇ ਕਿਸਾਨਾਂ ਦਾ ਪਰਾਗਪਰ 'ਚ ਭਰਵਾਂ ਸਵਾਗਤ

▸▸ ਫੁੱਲਾਂ ਦੀ ਕੀਤੀ ਵਰਖਾ, ਸੰਗਤ ਦੀ ਸੇਵਾ ਲਈ ਸਾਰਾ ਦਿਨ ਚੱਲਦਾ ਰਿਹਾ ਲੰਗਰ ▸▸ ਸੰਤ ਜੀਤ ਸਿੰਘ ਜੌਹਲਾਂ ਵਾਲਿਆਂ ਵਲੋਂ ਵੀ ਸੰਗਤ ਦਾ ਸਵਾਗਤ

ਜਲੰਧਰ, 12 ਦਸੰਬਰ (ਜਸਪਾਲ ਸਿੰਘ)-ਦਿੱਲੀ ਦੀਆਂ ਸਰਹੱਦਾਂ 'ਤੇ ਕਰੀਬ ਇਕ ਸਾਲ ਤੋਂ ਵੱਧ ਸਮਾਂ ਚੱਲੇ ਕਿਸਾਨੀ ਅੰਦੋਲਨ ਦੀ ਜਿੱਤ ਤੋਂ ਬਾਅਦ ਫਤਿਹ ਮਾਰਚ ਕਰਦੇ ਹੋਏ ਕਿਸਾਨ ਕਾਫਲਿਆਂ ਦਾ ਪੰਜਾਬ ਪੁੱਜਣਾ ਲਗਾਤਾਰ ਜਾਰੀ ਹੈ। ਇਨ੍ਹਾਂ ਕਾਫਲਿਆਂ ਦਾ ਥਾਂ-ਥਾਂ 'ਤੇ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਵਲੋਂ ਨਿੱਘਾ ਸਵਾਗਤ ਕੀਤਾ ਜਾ ਰਿਹਾ ਹੈ। ਇਸ ਦੌਰਾਨ ਕਿਸਾਨ ਬੀਬੀਆਂ ਵੀ ਵੱਡੀ ਗਿਣਤੀ 'ਚ ਸਰਦੀ ਦੇ ਮੌਸਮ 'ਚ ਕਿਸਾਨਾਂ ਦੇ ਸਵਾਗਤ ਲਈ ਅੱਜ ਵੀ ਸਾਰਾ ਦਿਨ ਜੀ. ਟੀ. ਰੋਡ 'ਤੇ ਲਗਾਤਾਰ ਬੈਠੀਆਂ ਰਹੀਆਂ ਤੇ ਉਨ੍ਹਾਂ ਵਲੋਂ ਆਉਣ ਵਾਲੇ ਹਰ ਕਾਫਲੇ ਦਾ ਬੜਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਜਾਂਦਾ ਰਿਹਾ। ਇਸ ਮੌਕੇ ਨੌਜਵਾਨਾਂ, ਬਜ਼ੁਰਗਾਂ ਅਤੇ ਬੀਬੀਆਂ 'ਚ ਕਿਸਾਨ ਕਾਫਲਿਆਂ ਦੇ ਸਵਾਗਤ ਲਈ ਭਾਰੀ ਜੋਸ਼ ਅਤੇ ਉਤਸ਼ਾਹ ਪਾਇਆ ਜਾ ਰਿਹਾ ਸੀ। ਉਨ੍ਹਾਂ ਵਲੋਂ ਕਿਸਾਨ ਕਾਫਲਿਆਂ 'ਤੇ ਫੁੱਲਾਂ ਦੀ ਵਰਖਾ ਕੀਤੀ ਜਾ ਰਹੀ ਤੇ ਉਨ੍ਹਾਂ ਨੂੰ ਸਿਰੋਪਾਓ ਤੇ ਫੁੱਲਾਂ ਦੇ ਹਾਰਾਂ ਨਾਲ ਸਨਮਾਨਿਤ ਵੀ ਕੀਤਾ ਜਾ ਰਿਹਾ ਸੀ। ਪਰਾਗਪੁਰ ਜੀ. ਟੀ. ਰੋਡ 'ਤੇ ਵੱਡੀ ਗਿਣਤੀ 'ਚ ਇਕੱਤਰ ਹੋਏ ਕਿਸਾਨਾਂ ਅਤੇ ਬੀਬੀਆਂ ਵਲੋਂ ਦਿੱਲੀ ਤੋਂ ਆਉਣ ਵਾਲੇ ਕਿਸਾਨਾਂ ਦੀ ਸੇਵਾ ਲਈ ਵਿਸ਼ੇਸ਼ ਤੌਰ 'ਤੇ ਚਾਹ ਪਕੌੜਿਆਂ ਤੇ ਹੋਰ ਕਈ ਤਰ੍ਹਾਂ ਦੇ ਪਕਵਾਨਾਂ ਦੇ ਲੰਗਰ ਲਗਾਏ ਗਏ ਸਨ। ਇਸ ਮੌਕੇ ਸੰਤ ਜੀਤ ਸਿੰਘ ਨਿਰਮਲ ਕੁਟੀਆ ਜੌਹਲਾਂ ਵਾਲੇ ਵੀ ਵੱਡੀ ਗਿਣਤੀ ਸੰਗਤ ਨਾਲ ਕਿਸਾਨਾਂ ਦੇ ਸਵਾਗਤ ਲਈ ਇੱਥੇ ਪੁੱਜੇ ਹੋਏ ਸਨ। ਉਨ੍ਹਾਂ ਕਿਸਾਨਾਂ ਦਾ ਸਵਾਗਤ ਕਰਦੇ ਹੋਏ ਇਤਿਹਾਸਿਕ ਜਿੱਤ 'ਤੇ ਕਿਸਾਨਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਪ੍ਰਮਾਤਮਾ ਦੀ ਅਪਾਰ ਕ੍ਰਿਪਾ ਨਾਲ ਇਹ ਅੰਦੋਲਨ ਜਿੱਤਿਆ ਜਾ ਸਕਿਆ ਹੈ। ਇਸ ਮੌਕੇ ਉਨ੍ਹਾਂ ਕਿਸਾਨੀ ਅੰਦੋਲਨ 'ਚ ਜਾਨਾਂ ਗੁਆਉਣ ਵਾਲਾ ਕਿਸਾਨਾਂ ਨੂੰ ਵੀ ਯਾਦ ਕਰਦੇ ਹੋਏ ਕਿਹਾ ਕਿ ਇਹ ਅੰਦੋਲਨ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਦੇ ਸਹਿਯੋਗ ਨਾਲ ਸਫਲ ਹੋ ਸਕਿਆ ਹੈ ਤੇ ਸਮੂਹ ਸੰਗਤ ਅੱਜ ਵਧਾਈ ਦੀ ਹੱਕਦਾਰ ਹੈ। ਇਸ ਮੌਕੇ ਜਿੱਥੇ ਵੱਖ-ਵੱਖ ਪਿੰਡਾਂ ਦੀ ਸੰਗਤ ਵਲੋਂ ਕਿਸਾਨਾਂ ਦੀ ਸੇਵਾ ਲਈ ਵੱਖ ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ, ਉੱਥੇ ਪਰਾਗਪੁਰ ਦੀ ਸੰਗਤ ਵਲੋਂ ਬਦਾਮਾਂ ਦੇ ਲੰਗਰ ਵੀ ਲਗਾਏ ਗਏ। ਇਸ ਮੌਕੇ ਬਾਬਾ ਗੁਰਨਾਮ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਪਰਮਜੀਤ ਸਿੰਘ ਰਾਏਪੁਰ, ਸਾਬਕਾ ਕੌਂਸਲਰ ਬਲਬੀਰ ਸਿੰਘ ਬਿੱਟੂ, ਉੱਘੇ ਕਿਸਾਨ ਆਗੂ ਜਸਬੀਰ ਸਿੰਘ ਕੋਟ, ਦਵਿੰਦਰ ਸਿੰਘ ਬੁਢਿਆਣਾ, ਰਣਜੀਤ ਸਿੰਘ ਰਾਣਾ (ਟੁੱਟ ਬ੍ਰਦਰਜ਼), ਡਾ. ਬਲਵੰਤ ਸਿੰਘ ਟਿਵਾਣਾ, ਸਰਜੀਵਨ ਸਿੰਘ ਡੋਗਰਾ ਸਾਬਕਾ ਸਰਪੰਚ ਬੰਬੀਆਂਵਾਲ, ਇਨਵੀਰ ਸਿੰਘ ਢਿੱਲੋਂ, ਅਬਿੰਦਰ ਸਿੰਘ ਕੁਲਾਰ, ਅਮਰਜੀਤ ਸਿੰਘ ਸ਼ੇਰਗਿੱਲ, ਪ੍ਰਮਿੰਦਰ ਸਿੰਘ ਭਿੰਦਾ, ਜੋਗਾ ਸਿੰਘ ਜੌਹਲ, ਅਜੇਪਾਲ ਸਿੰਘ ਢਿੱਲੋਂ, ਮੰਗਾ ਸਿੰਘ, ਹਰਦੀਪ ਸਿੰਘ ਰਿੰਪੀ, ਜਗਦੀਸ਼ ਸਿੰਘ ਭਾਟੀਆ, ਦੀਪਾ ਲਾਲੀ, ਮਨਪ੍ਰੀਤ ਸਿੰਘ ਲਾਲੀ, ਸਰਵਿੰਦਰ ਸਿੰਘ ਢੱਡਾ, ਨਰਿੰਦਰ ਸਿੰਘ ਢੱਡਾ, ਸੁਖਵਿੰਦਰ ਸਿੰਘ ਖਾਲਸਾ, ਐਡਵੋਕੇਟ ਗੁਰਜੀਤ ਸਿੰਘ ਕਾਹਲੋਂ, ਰਜਿੰਦਰ ਸਿੰਘ ਮੰਡ, ਹੁਸਨ ਲਾਲ ਸੁਮਨ ਸਾਬਕਾ ਸਰਪੰਚ ਹਰਦੋ ਪ੍ਰੋਹਲਾ, ਮਨਪ੍ਰੀਤ ਸਿੰਘ ਬੱਬਰ, ਬਲਵਿੰਦਰ ਸਿੰਘ ਬਾਜਵਾ, ਜਸਵਿੰਦਰ ਸਿੰਘ, ਸੁਰਿੰਦਰ ਸ਼ਰਮਾ, ਹਰਭਜਨ ਸਿੰਘ ਕੋਟ ਕਲਾਂ, ਬਲਬੀਰ ਸਿੰਘ ਕੋਟ ਕਲਾਂ, ਸੁਖਵਿੰਦਰ ਸਿੰਘ ਕੋਟ ਕਲਾਂ, ਜਸਵੀਰ ਕੌਰ ਖਜੂਰਲਾ ਤੇ ਸਮਾਜ ਦੇ ਸਾਰੇ ਵਰਗਾਂ ਤੋਂ ਵੱਡੀ ਗਿਣਤੀ 'ਚ ਨੌਜਵਾਨ, ਬਜ਼ੁਰਗ ਤੇ ਬੀਬੀਆਂ ਹਾਜ਼ਰ ਸਨ।

ਤਨਮਨਜੀਤ ਸਿੰਘ ਢੇਸੀ ਦੇ ਯੋਗਦਾਨ ਦੀ ਸ਼ਲਾਘਾ

ਇਸ ਮੌਕੇ ਇੰਗਲੈਂਡ ਦੇ ਐਮ.ਪੀ. ਤਨਮਨਜੀਤ ਸਿੰਘ ਢੇਸੀ ਵਲੋਂ ਕਿਸਾਨ ਅੰਦੋਲਨ 'ਚ ਪਾਏ ਗਏ ਯੋਗਦਾਨ ਲਈ ਕਿਸਾਨ ਜਥੇਬੰਦੀਆਂ ਵਲੋਂ ਉਨ੍ਹਾਂ ਦੇ ਚਾਚਾ ਜਥੇਦਾਰ ਪਰਮਜੀਤ ਸਿੰਘ ਰਾਏਪੁਰ ਮੈਂਬਰ ਸ਼੍ਰੋਮਣੀ ਕਮੇਟੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਕਿਸਾਨ ਆਗੂਆਂ ਨੇ ਤਨਮਨਜੀਤ ਸਿੰਘ ਢੇਸੀ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਕਿਸਾਨੀ ਅੰਦੋਲਨ 'ਚ ਪਾਏ ਗਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਗਈ। ਜਥੇਦਾਰ ਪਰਮਜੀਤ ਸਿੰਘ ਰਾਏਪੁਰ ਨੇ ਸਮੂਹ ਕਿਸਾਨ ਜਥੇਬੰਦੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਵੀ ਕਿਸਾਨੀ ਨਾਲ ਜੁੜਿਆ ਹੋਇਆ ਹੈ ਤੇ ਅੱਗੇ ਤੋਂ ਵੀ ਉਹ ਕਿਸਾਨੀ ਸੰਘਰਸ਼ 'ਚ ਆਪਣਾ ਯੋਗਦਾਨ ਇਸੇ ਤਰ੍ਹਾਂ ਪਾਉਂਦੇ ਰਹਿਣਗੇ।

ਇੰਗਲੈਂਡ ਦੇ ਐਮ. ਪੀ. ਤਨਮਨਜੀਤ ਸਿੰਘ ਢੇਸੀ ਦੇ ਚਾਚਾ ਪਰਮਜੀਤ ਸਿੰਘ ਰਾਏਪੁਰ ਅਤੇ ਰਣਜੀਤ ਸਿੰਘ ਰਾਣਾ (ਟੁੱਟ ਬ੍ਰਦਰਜ਼) ਨੂੰ ਸਨਮਾਨਿਤ ਕਰਦੇ ਹੋਏ ਬਾਬਾ ਸੁਖਦੇਵ ਸਿੰਘ। *ਤਸਵੀਰ ਜੀ. ਪੀ. ਸਿੰਘ*

ਕਿਸਾਨ ਆਗੂ ਸਤਨਾਮ ਸਿੰਘ ਸਾਹਨੀ ਤੇ ਕਰਮਵੀਰ ਸਿੰਘ ਕੁੱਕੜ ਪਿੰਡ ਨੂੰ ਸਨਮਾਨਿਤ ਕਰਦੇ ਹੋਏ ਸੰਤ ਜੀਤ ਸਿੰਘ ਜੌਹਲਾਂ ਵਾਲੇ। *ਤਸਵੀਰ ਜੀ. ਪੀ. ਸਿੰਘ*

ਸਤਨਾਮ ਸਿੰਘ ਸਾਹਨੀ ਤੇ ਸਾਥੀਆਂ ਦਾ ਸਵਾਗਤ

ਕਿਸਾਨੀ ਕਾਫਲਿਆਂ ਦੇ ਨਾਲ ਆਏ ਭਾਰਤੀ ਕਿਸਾਨ ਯੂਨੀਅਨ ਦੁਆਬਾ ਦੇ ਆਗੂ ਸਤਨਾਮ ਸਿੰਘ ਸਾਹਨੀ ਤੇ ਕੁੱਕੜ ਪਿੰਡ ਦੇ ਨੌਜਵਾਨ ਕਿਸਾਨ ਆਗੂ ਕਰਮਵੀਰ ਸਿੰਘ ਕੁੱਕੜ ਪਿੰਡ ਤੇ ਉਨ੍ਹਾਂ ਦੇ ਸਾਥੀਆਂ ਦਾ ਵੀ ਪਰਾਗਪੁਰ ਵਿਖੇ ਇਕੱਠੇ ਹੋਏ ਵੱਡੀ ਗਿਣਤੀ ਲੋਕਾਂ ਵਲੋਂ ਸਵਾਗਤ ਕੀਤਾ ਗਿਆ। ਸਤਨਾਮ ਸਿੰਘ ਸਾਹਨੀ ਨੇ ਖੇਤੀ ਕਾਨੂੰਨਾਂ ਦੀ ਵਾਪਸੀ 'ਤੇ ਸਮੂਹ ਸੰਗਤ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਸਾਰਿਆਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਿਆ ਹੈ। ਇਸ ਮੌਕੇ ਕਰਮਵੀਰ ਸਿੰਘ ਨੇ ਸਮੂਹ ਸੰਗਤ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਕਿਸਾਨੀ ਕਾਫਲਿਆਂ ਦਾ ਸੰਗਤ ਵਲੀ ਥਾਂ-ਥਾਂ 'ਤੇ ਪੂਰੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਜਾ ਰਿਹਾ ਹੈ ਤੇ ਸੰਗਤ ਦੀ ਸੇਵਾ ਲਈ ਲੰਗਰਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਸਰਬ ਮਲਟੀਪਲੈਕਸ
ਸਿਨੇਮਾ ਸਰਬ SARB JALANDHAR
ਸ਼ੁੱਕਰਵਾਰ 10 ਦਸੰਬਰ ਤੋਂ
www.facebook.com/sarbmultiplextheater
ਚੰਡੀਗੜ੍ਹ ਕਰੇ ਆਸ਼ਕੀ (ਹਿੰਦੀ)

9.30 AM, 11.55 PM, 2.20 PM, 4.45 PM, 7.10 PM, 8.40 PM, 9.35 PM

ਮਰਜਾਣੇ (ਪੰਜਾਬੀ)
10.00 AM, 5.50 PM
ਕਾਕਾ ਪ੍ਰਧਾਨ (ਪੰਜਾਬੀ)

9.45 AM, 3.10 PM.

ਵੈਲੀ (ਹਿੰਦੀ)
12.45 AM, 9.00PM

ਤੜਪ (ਹਿੰਦੀ)
12.15 PM, 6.15 PM
BOOKING OPEN
ਈ-ਬੁਕਿੰਗ ਟਿਕਟ ਬੁੱਕ ਕਰੋ:
www.sarbmultiplex.com
—ਫ਼ੋਨ :—
0181-2299300, 2299400

ਜਿੰਮਖਾਨਾ ਕਲੱਬ ਚੋਣਾਂ

ਦੋਵਾਂ ਗਰੁੱਪਾਂ ਨੇ ਚੋਣ ਪ੍ਰਚਾਰ 'ਚ ਲਾਇਆ ਪੂਰਾ ਜ਼ੋਰ

▸▸ ਤੰਬੋਲਾ ਦੌਰਾਨ ਉਮੀਦਵਾਰਾਂ ਵਲੋਂ ਕਲੱਬ ਮੈਂਬਰਾਂ ਨਾਲ ਨਜ਼ਦੀਕੀਆਂ ਬਣਾਉਣ ਦੀ ਕਵਾਇਦ

ਜਲੰਧਰ, 12 ਦਸੰਬਰ (ਜਸਪਾਲ ਸਿੰਘ)- ਜਿਮਖਾਨਾ ਕਲੱਬ ਦੀਆਂ 19 ਦਸੰਬਰ ਨੂੰ ਹੋਣ ਜਾ ਰਹੀਆਂ ਚੋਣਾਂ ਨੂੰ ਲੈ ਕੇ ਦੋਵਾਂ ਗਰੁੱਪਾਂ ਵਲੋਂ ਅੱਜ ਐਤਵਾਰ ਨੂੰ ਵੀ ਚੋਣ ਪ੍ਰਚਾਰ ਕੀਤਾ ਜਾਂਦਾ ਰਿਹਾ। ਇਕ ਤਰ੍ਹਾਂ ਨਾਲ ਦੋਵਾਂ ਗਰੁੱਪਾਂ ਵਲੋਂ ਚੋਣ ਪ੍ਰਚਾਰ 'ਚ ਆਪਣੀ ਪੂਰੀ ਤਾਕਤ ਝੋਕ ਦਿੱਤੀ ਗਈ ਹੈ। ਅੱਜ ਐਤਵਾਰ ਨੂੰ ਜਿਮਖਾਨਾ ਕਲੱਬ 'ਚ ਹੋਏ ਤੰਬੋਲੇ ਦੌਰਾਨ ਵੀ ਉਮੀਦਵਾਰਾਂ ਵਲੋਂ ਕਲੱਬ ਮੈਂਬਰਾਂ ਨਾਲ ਨਜ਼ਦੀਕੀਆਂ ਵਧਾ ਕੇ ਉਨ੍ਹਾਂ ਕੋਲੋਂ ਵੋਟਾਂ ਦੀ ਮੰਗ ਕੀਤੀ ਗਈ। ਇਸ ਦੌਰਾਨ ਅਚੀਵਰਜ਼ ਗਰੁੱਪ ਤੇ ਪ੍ਰੋਗਰੈਸਿਵ ਗਰੁੱਪ ਦੇ ਉਮੀਦਵਾਰਾਂ ਵਲੋਂ ਡੋਰ-ਟੂ-ਡੋਰ ਪ੍ਰਚਾਰ ਵੀ ਕੀਤਾ ਗਿਆ। ਇਸ ਦੌਰਾਨ ਕਲੱਬ ਮੈਂਬਰਾਂ ਨਾਲ ਉਨ੍ਹਾਂ ਦੇ ਦਫਤਰਾਂ ਅਤੇ ਘਰਾਂ 'ਚ ਜਾ ਕੇ ਵੀ ਆਪਣੇ ਹੱਕ 'ਚ ਸਮਰਥਨ ਜੁਟਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ। ਓਧਰ ਨਾਮਜ਼ਦਗੀ ਕਾਗਜ਼ ਵਾਪਿਸ 13 ਦਸੰਬਰ ਤੱਕ ਵਾਪਿਸ ਲਏ ਜਾ ਸਕਣਗੇ ਜਿਸ ਕਾਰਨ ਕਾਗਜ਼ ਵਾਪਿਸ ਲੈਣ ਲਈ ਉਮੀਦਵਾਰਾਂ ਕੋਲ ਕੇਵਲ ਅੱਜ ਦਾ ਹੀ ਦਿਨ ਬਚਿਆ ਹੈ ਤੇ ਸ਼ਾਮ ਤੱਕ ਉਮੀਦਵਾਰਾਂ ਬਾਰੇ ਤਸਵੀਰ ਸਾਫ ਹੋਣ ਦੀ ਸੰਭਾਵਨਾ ਹੈ। ਦੱਸਣਯੋਗ ਹੈ ਕਿ 3778 ਦੇ ਕਰੀਬ ਮੈਂਬਰਾਂ ਵਾਲੇ ਜਿਮਖਾਨਾ ਕਲੱਬ ਦੀ 14 ਮੈਂਬਰੀ ਪ੍ਰਬੰਧਕ ਕਮੇਟੀ ਲਈ 19 ਦਸੰਬਰ ਨੂੰ ਵੋਟਾਂ ਪੈਣੀਆਂ ਹਨ ਤੇ ਇਸੇ ਦਿਨ ਹੀ ਦੇਰ ਰਾਤ ਤੱਕ ਨਤੀਜੇ ਐਲਾਨੇ ਜਾਣ ਦੀ ਸੰਭਾਵਨਾ ਹੈ। ਇਸ ਦੌਰਾਨ 18 ਦਸੰਬਰ ਨੂੰ ਖਤਮ ਹੋਣ ਜਾ ਰਹੇ ਚੋਣ ਪ੍ਰਚਾਰ ਨੂੰ ਦੇਖਦੇ ਹੋਏ ਉਮੀਦਵਾਰਾਂ (ਬਾਕੀ ਸਫਾ 6 'ਤੇ)

ਪ੍ਰੋਗਰੈਸਿਵ ਗਰੁੱਪ ਦੇ ਉਮੀਦਵਾਰ ਗੁਲਸ਼ਨ ਸ਼ਰਮਾ, ਅਨੂ ਮਾਟਾ, ਜਗਜੀਤ ਸਿੰਘ ਕੰਬੋਜ, ਪ੍ਰੋ. ਵਿਪਨ ਝਾਂਜੀ, ਗੁਰਪ੍ਰੀਤ ਸਿੰਘ ਕੋਛੜ ਤੇ ਹੋਰ ਘਰ-ਘਰ ਚੋਣ ਪ੍ਰਚਾਰ ਕਰਦੇ ਹੋਏ। *ਤਸਵੀਰ: ਮੁਨੀਸ਼*

ਨਾਜਾਇਜ਼ ਉਸਾਰੀਆਂ ਨੂੰ ਰੈਗੂਲਰ ਕਰਨ ਲਈ ਸ਼ੁਰੂ ਨਹੀਂ ਹੋਇਆ ਅਰਜ਼ੀਆਂ ਲੈਣ ਦਾ ਕੰਮ

ਕਈ ਲੋਕ ਉਸਾਰੀਆਂ ਰੈਗੂਲਰ ਕਰਾਉਣ ਲਈ ਤਿਆਰ

ਜਲੰਧਰ, 12 ਦਸੰਬਰ (ਸ਼ਿਵ)- ਨਾਜਾਇਜ਼ ਇਮਾਰਤਾਂ ਨੂੰ ਰੈਗੂਲਰ ਕਰਨ ਲਈ ਪੰਜਾਬ ਸਰਕਾਰ ਵਲੋਂ ਐਲਾਨੀ ਗਈ ਓ. ਟੀ. ਐੱਸ. ਨੀਤੀ ਨੂੰ ਆਏ ਇਕ ਮਹੀਨਾ ਹੋ ਚੁੱਕਾ ਹੈ ਪਰ ਅਜੇ ਤੱਕ ਆਨਲਾਈਨ ਅਰਜ਼ੀਆਂ ਲੈਣ ਦਾ ਕੰਮ ਸ਼ੁਰੂ ਨਹੀਂ ਹੋ ਸਕਿਆ ਹੈ ਤੇ ਕਈ ਲੋਕਾਂ ਦਾ ਕਹਿਣਾ ਹੈ ਕਿ ਇਕ ਮਹੀਨਾ ਹੋ ਗਿਆ ਹੈ ਤੇ ਅਜੇ ਅਰਜ਼ੀਆਂ ਲੈਣ ਦਾ ਕੰਮ ਸ਼ੁਰੂ ਨਹੀਂ ਹੋਇਆ ਹੈ ਜਿਸ ਕਰਕੇ ਲੋਕਾਂ ਨੂੰ ਆਉਣ ਵਾਲੇ ਸਮੇਂ ਵਿਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬ ਸਰਕਾਰ ਵਲੋਂ ਲੰਬੇ ਸਮੇਂ ਬਾਅਦ ਨਾਜਾਇਜ਼ ਇਮਾਰਤਾਂ ਨੂੰ ਰੈਗੂਲਰ ਕਰਨ ਲਈ ਓ. ਟੀ. ਐੱਸ. ਨੀਤੀ ਦਾ ਐਲਾਨ ਕੀਤਾ ਗਿਆ ਸੀ ਜਿਸ ਵਿਚ ਰਿਹਾਇਸ਼ੀ ਉਸਾਰੀਆਂ ਨੂੰ ਰੈਗੂਲਰ ਕਰਨ ਲਈ ਕਰੀਬ 185 ਰੁਪਏ ਸਕੇਅਰ ਫੁੱਟ ਤੇ ਵਪਾਰਕ ਉਸਾਰੀਆਂ ਨੂੰ ਰੈਗੂਲਰ ਕਰਨ ਲਈ 350 ਰੁਪਏ ਦੇ ਕਰੀਬ ਫ਼ੀਸ ਰੱਖੀ ਗਈ ਸੀ। ਨੀਤੀ ਦਾ ਐਲਾਨ ਹੋਣ ਤੋਂ ਬਾਅਦ ਹੀ ਆਨਲਾਈਨ ਅਰਜ਼ੀਆਂ ਲੈਣ ਦਾ ਕੰਮ ਸ਼ੁਰੂ ਹੋ ਜਾਣਾ ਚਾਹੀਦਾ ਸੀ ਪਰ ਦੂਜੇ ਪਾਸੇ ਅਜੇ ਤੱਕ ਉਸਾਰੀਆਂ ਨੂੰ ਰੈਗੂਲਰ ਕਰਨ ਲਈ ਕੋਈ ਪੋਰਟਲ ਤਿਆਰ ਨਹੀਂ ਕੀਤਾ ਗਿਆ ਹੈ। ਪੋਰਟਲ ਤਿਆਰ ਹੋਣ ਤੋਂ ਬਾਅਦ ਹੀ ਲੋਕ ਪੋਰਟਲ ਵਿਚ ਅਰਜ਼ੀਆਂ ਦੇ ਸਕਣਗੇ। ਉਂਜ ਵਿਭਾਗੀ ਸੂਤਰਾਂ ਦੀ ਮੰਨੀਏ ਤਾਂ ਨਕਸ਼ਾ ਪਾਸ ਕਰਨ ਲਈ ਈ-ਨਕਸ਼ਾ ਪੋਰਟਲ ਵਿਚ ਹੀ ਨਾਜਾਇਜ਼ ਉਸਾਰੀਆਂ ਨੂੰ ਰੈਗੂਲਰ ਕਰਨ ਲਈ ਓ.ਟੀ.ਐੱਸ. ਨੀਤੀ ਦਾ ਬਦਲ ਸ਼ਾਮਿਲ ਕੀਤਾ ਜਾਵੇਗਾ ਤੇ ਇਸ ਲਈ ਕੋਈ ਅਲੱਗ ਪੋਰਟਲ ਨਹੀਂ ਬਣੇਗਾ। ਸ਼ਹਿਰ ਵਿਚ ਇਸ ਵੇਲੇ ਸੈਂਕੜੇ ਨਾਜਾਇਜ਼ ਉਸਾਰੀਆਂ ਨੂੰ ਰੈਗੂਲਰ ਕਰਵਾਉਣ ਲਈ ਲੋਕ ਇੰਤਜ਼ਾਰ ਕਰ ਰਹੇ ਹਨ। ਲੰਬੇ ਸਮੇਂ ਬਾਅਦ ਉਸਾਰੀਆਂ ਨੂੰ ਰੈਗੂਲਰ ਕਰਨ ਲਈ ਸਰਕਾਰ ਨੇ ਓ. ਟੀ. ਐਸ. ਨੀਤੀ ਦਾ ਐਲਾਨ ਕੀਤਾ ਹੈ। ਉਂਜ ਕਈ ਲੋਕ ਤਾਂ ਆਪਣੀਆਂ ਨਾਜਾਇਜ਼ ਉਸਾਰੀਆਂ ਬਣਾਉਣ ਦਾ ਤੇਜ਼ੀ ਨਾਲ ਕੰਮ ਕਰ ਰਹੇ ਹਨ ਤਾਂ ਜੋ ਇਸ ਨੀਤੀ ਵਿਚ ਉਹ ਉਸਾਰੀਆਂ ਨੂੰ ਰੈਗੂਲਰ ਕਰਵਾ ਲੈਣਗੇ। ਨਿਗਮ ਨੇ ਬੀਤੇ ਦਿਨੀਂ ਨਾਜਾਇਜ਼ ਉਸਾਰੀਆਂ ਖ਼ਿਲਾਫ਼ ਕਾਰਵਾਈ ਵੀ ਕੀਤੀ ਹੈ।



ਅਰਜ਼ੀਆਂ ਲੈਣ ਦੇ ਕੰਮ 'ਚ ਦੇਰੀ ਹੋਣ ਕਰਕੇ ਹੋ ਰਹੀਆਂ ਕਈ ਨਾਜਾਇਜ਼ ਉਸਾਰੀਆਂ

ਸ਼ਹਿਰੀ ਮੁੱਦਿਆਂ ਨੂੰ ਲੈ ਕੇ ਨਿਗਮ ਨੂੰ ਘੇਰੇਗੀ ਭਾਜਪਾ

15 ਤੋਂ ਬਾਅਦ ਕਰੇਗੀ ਪ੍ਰੋਗਰਾਮ ਦਾ ਐਲਾਨ

ਜਲੰਧਰ, 12 ਦਸੰਬਰ (ਸ਼ਿਵ)- ਕਈ ਮੁੱਦਿਆਂ ਅਤੇ ਬੇਨਿਯਮੀਆਂ ਨੂੰ ਲੈ ਕੇ ਜਲੰਧਰ ਭਾਜਪਾ ਜਲਦੀ ਹੀ ਨਗਰ ਨਿਗਮ ਨੂੰ ਘੇਰਨ ਜਾ ਰਹੀ ਹੈ। ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਭਾਜਪਾ ਹੁਣ ਸ਼ਹਿਰੀ ਮੁੱਦਿਆਂ ਨੂੰ ਉਭਾਰਨ ਦੀ ਤ